ਬਿਨਾ ਆਗਿਆ ਕੋਈ ਨ ਛਾਪੇ

G 941

ੴ ਸਤਿਗੁਰਪ੍ਰਸਾਦਿ ॥

ਸ੍ਰੀ ਮਾਨ ਪੰਥ ਹਿਤੈਸ਼ੀ ਗੁਰਪੁਰ ਨਿਵਾਸੀ

ਭਾਈ ਦਿੱਤ ਸਿੰਘ ਜੀ ਗਯਾਨੀ ਰਚਿਤ

ਗੁਰਮਤੇ

ਆਰਤੀ ਪ੍ਰਬੋਧ

ਜਿਸਨੂੰ

ਮੈਸਰਜ਼ ਤਾਰਾ ਸਿੰਘ ਕਿਸ਼ਨ ਸਿੰਘ,
ਮਾਲਿਕ ਦਿਤ ਹਰੀ ਬੁਕ ਡਿਪੋ,
ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਨੇ ਛਪਵਾਕੇ
ਪ੍ਰਕਾਸ਼ਤ ਕੀਤਾ

"ਪੰਥਕ ਪ੍ਰੈਸ" ਅੰਮ੍ਰਿਤਸਰ ਵਿਚ ਸ: ਖੁਸ਼ਹਾਲ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪੀ ॥

ਕਾਪੀ ੧੦੦੦ [ਮਾਰਚ ੧੯੩੨] ਮੋਲ ।)॥

ਗੁਰਮਤ ਆਰਤੀ ਪ੍ਰਬੋਧ



ਰਚਿਤ--ਭਾਈ ਦਿੱਤ ਸਿੰਘ ਜੀ ਗਿਆਨੀ

1827 ੧ ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ॥

ਗੁਰਮਤ ਆਰਤੀ ਪ੍ਰਬੋਧ ॥

ਦੋਹਿਰਾ

ਗੁਰ ਗੋਬਿੰਦ ਮ੍ਰਿਗਿੰਦ ਦੇ ਚਰਨ ਕਮਲ ਪ੍ਰਤਾਪ।
ਖੰਡਨ ਕਰਾਂ ਪਖੰਡ ਦਾ ਜੋ ਅਗ ਜਨ ਪ੍ਰਲਾਪ॥ ੧ ॥
ਗੜ ਬੜ ਗੁਰਮਤਿ ਮਹਿ ਕਰੀ ਅਗਜਾਨੀ ਜਨ ਜੋਇ।
ਸੋ ਸਭ ਤਿਨ ਪ੍ਰਤਾਪ ਤੇ ਨਾਸ ਭਲੀ ਬਿਧ ਹੋਇ ॥ ੨ ॥

ਚੌਪਈ

ਹੇ ਪਾਪੀ ਅਗਜਾਨ ਕਸਾਈ। ਕਜਾ ਤੈਂ ਨਾਂ ਜਗ ਕਰੀ ਬੁਰਾਈ ॥ ਜਿਸ ਜਾਗਾ ਤੂੰ ਪੈਰ ਟਿਕਾਵੈਂ । ਕੋਟ ਅਨਰਥ ਤੁਰੰਤੇ ਕਰਵਾਵੈਂ ॥ ਜੋਗ ਅਜੋਗ ਨ ਦੇਖੇ ਕੋਈ। ਜਿਸ ਪਰ ਕਿਰਪਾ ਤੇਰੀ ਹੋਈ ॥ ਕਿਤਨਜਾਂ ਦੇ ਤੈਂ ਸੀਸ ਕਟਾਏ। ਕਿਤਨੇ ਆਰਿਆਂ ਨਾਲ ਚਰਾਏ॥ ਕਿਤਨੇ ਮਰਨ ਬਨਾਰਸ ਜਾਕੇ। ਕਿਤਨੇ ਫਿਰਨ ਖਾਕ ਸਿਰ ਪਾਕੇ ॥ ਕਿਤਨੇ ਗੁਫਾ ਜੀਵੰਦੇ ਪਾਏ। ਥਾਪਾ ਪਾਤੀ ਦੇ ਮਰਵਾਏ ॥ ਕਿਤਨਜਾ ਚੰਦ ਗ੍ਰਹਨ ਦੀ ਵਾਰੀ। ਦਾਨ ਕਰੀ ਅਪਨੀ ਪਿਜਨਾਰੀ॥ ਕੋਈ ਜਾਇ ਦੁਆਰਕਾ ਭਾਈ।ਛਾਪਜਾਂ ਨਾਲ ਦੇਹਜਲਵਾਈ॥ ਕਿਤਨੇ ਤਪਦੇ ਅਗਨੀ ਪੰਜ। ਪਏ ਸਹਾਰਨ ਤਨ ਪਰ ਰੰਜ॥ ਕਿਤਨੇ ਊਰਧ ਬਾਂਹ ਕਰ ਖੜ੍ਹੇ। ਕੋਈ ਖੜੇ ਨ ਲੰਮੇ ਪੜ੍ਹੇ॥

ਮਰਦੇ ਭੁੱਖੇ ਵਰਤੀ ਕੇਤੇ। ਤੇਰੇ ਹੱਥੋਂ ਬਹੁ ਦੁਖ ਲੇਤੇ ॥
ਕਿਤਨਜਾਂ ਕੰਨ ਪਾੜ ਕਰ ਭਾਈ। ਤੇਰੇ ਬਲ ਮੁੰਦ੍ਰਾ ਹਨਪਾਈ॥
ਕਿਨੇ ਮੁਨਾਇ ਸੀਸ ਅਰ ਦਾੜੀ। ਹੋ ਸੰਨਜਾਸੀ ਸ਼ਕਲ ਵਿਗਾੜੀ ॥ ਕੋਈ ਸੂਰਜ ਪੂਜਾ ਕਰਦਾ। ਦੂਜਾ ਅਗਨੀ ਪਰ ਮਨ ਧਰਦਾ ॥ ਤੀਜਾ ਇੰਦ੍ ਪਿਆ ਅਰਾਧੇ । ਕੋਈ ਜੋਗ ਸਾਧਨਾ ਸਾਧੇ ॥ ਕੋਈ ਕਾਂਵਾਂ ਬਾਪ ਬਨਾਵੈ। ਗਧਾ ਸੀਤਲਾ ਕੋਈ ਚਰਾਵੈ ॥ ਕਾਲੇ ਕੁੱਤੇ ਦਾ ਹੋ ਦਾਸ। ਦੇਂਦਾ ਉਸਨੂੰ ਪਿਆ ਗਰਾਸ ॥ ਗੁਰ ਦਰਯਾਉ ਬਤਾਵੇ ਕੋਈ । ਉਸਦੀ ਭੇਟ ਚੜਾਵੈ ਸੋਈ ॥ ਕੋਈ ਕਰੇ ਪੌਨ ਦੀ ਪੂਜਾ। ਆਖੈ ਇਸ ਸਮ ਹੋਰ ਨ ਦੂਜਾ ॥ ਕਿਤਨੇ ਅਗਨ ਦੇਵਤਾ ਕਹਿੰਦੇ। ਇਸਦੇ ਪੂਜਨ ਦੇ ਵਿੱਚ ਰਹਿੰਦੇ ॥ ਘਰ ਦਾ ਘੀਉ ਚਣਾਠੀ ਚੰਗੀ। ਫੂਕਣ ਉਸ ਵਿੱਚ ਬਿਨ ਹੀ ਮੰਗੀ। ਉਸਨੂੰ ਅਪਨਾ ਧਰਮ ਪਛਾਨਨ। ਅਪਨੇ ਪਾਪਾਂ ਹਰਤਾ ਜਾਨਨ । ਕਿਤਨੇ ਨਦੀਯਾਂ ਤੇ ਦਰਯਾਵਾਂ। ਜਾਕੇ ਪੂਜਨ ਚਾਵਾਂ ਚਾਵਾਂ ॥ ਕਿਨੇ ਬਨਾਏ ਪੱਥਰ ਰੱਬ। ਗਿਆ ਪਖੰਡ ਉਨ੍ਹਾਂ ਨੂੰ ਫੱਬ ॥ ਜੜ੍ ਵਸਤੂ ਨੂੰ ਭੋਗ ਲਗਾਉਨ। ਮੁੜਕੇ ਉਸਨੂੰ ਆਪੇ ਖਾਉਨ ॥ ਤਾਰਿਆਂ ਦੇ ਕਿਤਨੇ ਹਨ ਦਾਸ। ਆਖਨ ਸਾਡੀ ਬਿਗੜੀ ਰਾਸ ॥ ਕਿਤਨੇ ਚੰਦਰ ਸੀਸ ਨਵਾਉਨ। ਤੋੜਨ ਧਾਗੇ ਉਸੇ ਚੜਾਉਨ। ਸੂਰਜ ਦੇ ਹਨ ਬਹੁਤ ਉਪਾਸੀ। ਕਹਨ ਦੇਵਤਾ ਉਸ ਸੁਖ ਰਾਸੀ। ਫਿਰ ਗਨੇਸ਼ ਨੂੰ ਘਣੇ ਮਨਾਉਨ । ਚੂਹੇ ਦਾ ਅਸਵਾਰ ਠਰਾਉਨ । ਵੱਡਾ ਪੇਟ ਆਦਮੀ ਸੂਰਤ। ਸਿਰ ਹਾਥੀ ਦਾ ਕੀਤੀ ਮੂਰਤ ॥ ਬਹੁਤ ਕਿਸ਼ਨ ਦੀ ਰਾਸ ਪਵਾਂਦੇ। ਰਾਧਾਂ ਨੂੰ ਉਸ ਨਾਲ ਨਚਾਂਦੇ । ਲੋਗਾਂ

ਵਿੱਚ ਨਿਲੱਜ ਖਨਾਉਨ । ਬੋਲ ਬੋਲਦੇ ਨਾ ਸ਼ਰਮਾਉਨ ॥
ਫੇਰ ਰਾਮ ਦੇ ਬਣਦੇ ਸਾਂਗ। ਬਾਂਦਰ ਬਣਕੇ ਮਾਰਨ ਚਾਂਗ ॥
ਏਹੋ ਜੇਹੇ ਕਰਮ ਘਨੇਰੇ। ਹਨ ਅਗਜਾਨ ਕੰਮ ਸਭ ਤੇਰੇ ॥
ਤੈਂਤਾਂ ਓਹ ਕਰਾਏ ਕੰਮ। ਉਜੜੇ ਘਰ ਅਰ ਲੁੱਟੇ ਦੰਮ ॥੩॥

ਦੋਹਿਰਾ

ਸਿੱਖਾਂ ਵਿੱਚ ਭੀ ਕਸਰ ਤੈਂ ਰੱਖੀ ਨਹੀਂ ਉਧਾਰ।
ਕਾਬੂ ਕੀਤੇ ਆਪਨੇ ਗੁਰਮਤ ਰਹੇ ਵਿਸਾਰ ॥ ੪॥

ਚੌਪਈ

ਹੇ ਅਗਜਾਨ ਬਹਾਦਰ ਭਾਰੇ। ਤੈਂ ਹਿੰਦੂ ਹੀ ਨਾਹੀਂ ਮਾਰੇ ॥ ਕਰੇ ਸਿੱਖ ਭੀ ਪਕੜ ਸ਼ਕਾਰ। ਵਗ ਗਈ ਬਹੁਤਿਆਂ ਨੂੰ ਮਾਰ ਜਗਾ ਜਗਾ ਪਰ ਭਟਕਨ ਐਸੇ। ਮ੍ਰਿਗ ਤ੍ਰਿਸ਼ਨਾ ਪਰ ਹਰਨੀ ਜੈਸੇ ॥ ਪੰਜ ਪੀਰੀਏ ਕੰਮ ਕਮਾਉਨ ਮੁਖਤੇ ਪਕੇ ਸਿੰਘ ਸਦਾਉਨ ॥ ਸੂਰਤ ਦੇਖ ਚਿੱਤ ਹੁਇ ਰਾਜੀ। ਰਹਤ ਬਹੁਤ ਸਿੰਘਾਂ ਦੀ ਸਾਜੀ ॥ ਪੰ ਕੱਕੇ ਖੂਬ ਸਜਾਏ। ਨੀਲੇ ਪੀਲੇ ਬਸਤ੍ਰ ਪਾਏ ॥ ਫੁੱਲ ਫੁੱਲ ਜੋ ਅਗੇ ਬਹਿੰਦੇ। ਹਮ ਹੈਂ ਸਿੰਘ ਗੁਰੂ ਦੇ ਕਹਿੰਦੇ ॥ ਉਹ ਭੀ ਅੰਦਰ ਤੇ ਅਗਜਾਨੀ। ਝੂਠੇ ਪਏ ਬਲੋਵਨ ਪਾਨੀ ॥ ਅੰਨਮਤੀ ਸਭ ਰਸਮਾਂ ਕਰਦੇ। ਨਹੀਂ ਗੁਰੂ ਤੇ ਰੰਚਕ ਡਰਦੇ ॥ ਹੋਰ ਬਾਤ ਤਾਂ ਛੱਡੋ ਸਾਰੀ। ਛੋਟੀ ਹੈ ਇਕ ਗਲ ਵਿਚਾਰੀ ॥ ਅੰਨਮਤੀ ਰੀਤੀ ਤਜ ਦੇਨੀ। ਗੁਰ ਮੁਜਾਦਾ ਸਿਰ ਧਰ ਲੇਨੀ ॥ ਇਸ ਵਿੱਚ ਕੋਈ ਨਹੀਂ ਅਧਰਮ। ਗੁਰਮੁਖ ਲੋਗਾਂ ਦਾ ਹੈ ਕਰਮ॥ ਇਸ ਤੇ ਭੀ ਜਾਂਦੇ ਹਨ ਨੱਠੇ। ਮਨ ਮੁਖ ਹੋਕੇ ਕਰਦੇ ਠੱਠੇ। ਅੰਨਮਤੀ ਹੋ ਗਏ ਗੁਲਾਮ। ਪਏ ਲੁਟਾਉਨ ਅਪਨੇ ਦਾਮ।

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.